COVID-19

# ਕੋਵਿਡ-19

ਸਿਟੀ ਨਊਜ਼ ਅਪਡੇਟ
ਮਈ 2-19, 2020

ਵੈਨਕੂਵਰ ਅਤੇ ਬਾਕੀ ਬੀ.ਸੀ. ਕੋਵਿਡ-19 ਮਹਾਂਮਾਰੀ ਦੇ ਅਗਲੇ ਪੜਾਅ ਵਿੱਚ ਦਾਖਲ ਹੋ ਰਹੇ ਹਨ, ਮੁੜ ਖੋਲ੍ਹਣ ਅਤੇ ਰਿਕਵਰੀ ਹੌਲੀ ਹੌਲੀ ਸ਼ੁਰੂ ਹੋ ਰਹੀ ਹੈ। ਸਿਟੀ ਇਸ ਅਗਲੇ ਪੜਾਅ ਲਈ ਤਿਆਰੀ ਕਰ ਰਿਹੀ ਹੈ ਅਤੇ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਅਤੇ ਵੈਨਕੂਵਰ ਦੇ ਸਾਡੇ ਸਾਰੇ ਵਸਨੀਕਾਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਕੰਮ ਨੂੰ ਜਾਰੀ ਰੱਖ ਰਹੀ ਹੈ।

**ਨਵਾਂ!** ਚੀਨੀ, ਪੰਜਾਬੀ ਅਤੇ ਤਾਗਾਲੋਗ ਭਾਸ਼ਾ ਵਿੱਚ ਵੈੱਬ ਪੰਨੇ ਹੁਣ ਵੈਨਕੂਵਰ ਦੀ ਵੈਬਸਾਈਟ 'ਤੇ ਉਪਲਬਧ ਹਨ, ਕੋਵਿਡ-19 ਦੇ ਜਵਾਬ ਅਤੇ ਰਿਕਵਰੀ ਲਈ ਜਾਣਕਾਰੀ ਅਤੇ ਸਰੋਤ ਪ੍ਰਦਾਨ ਕਰਦੇ ਹਨ।

## ਸਿਟੀ ਦੀਆਂ ਸੇਵਾਵਾਂ ਅਤੇ ਸੰਚਾਲਨ

### ਰੈਸਟੋਰੈਂਟ ਟੇਬਲ ਸੇਵਾ ਬੰਦ ਕਰਨ ਦਾ ਐਮਰਜੈਂਸੀ ਆਰਡਰ ਖਤਮ ਹੋ ਗਿਆ ਹੈ

ਸਿਟੀ ਨੇ 20 ਮਾਰਚ ਨੂੰ ਜਾਰੀ ਕੀਤੇ ਆਦੇਸ਼ ਜਿਨੇਂ ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ ਸਾਰੀਆਂ ਰੈਸਟੋਰੈਂਟ ਟੇਬਲ ਸੇਵਾ ਨੂੰ ਬੰਦ ਕਰ ਦਿੱਤਾ ਸੀ, ਹੁਣ ਰੱਦ ਕਰ ਦਿੱਤਾ ਹੈ। ਵੈਨਕੂਵਰ ਰੈਸਟੋਰੈਂਟ ਹੁਣ ਨਵੇਂ ਪ੍ਰੋਵਿੰਸ਼ੀਅਲ ਆਦੇਸ਼ਾਂ ਦੀ ਪਾਲਣਾ ਕਰਨਗੇ ਜੋ ਭੋਜਨ ਸੇਵਾਵਾਂ ਅਦਾਰਿਆਂ ਨੂੰ 19 ਮਈ ਤੱਕ ਨਵੀਆਂ ਸ਼ਰਤਾਂ ਤਹਿਤ ਵਿਅਕਤੀਗਤ ਸੇਵਾ ਦੁਬਾਰਾ ਸ਼ੁਰੂ ਕਰਨ ਦੀ ਆਗਿਆ ਦਿੰਦੇ ਹਨ।

ਸਿਟੀ ਅਸਥਾਈ ਪੈਟੀਓ ਪਰਮਿਟ ਲਈ ਅਰਜ਼ੀਆਂ ਨੂੰ ਸਵੀਕਾਰ ਕਰੇਗੀ ਅਤੇ ਉਨ੍ਹਾਂ ਅਰਜ਼ੀਆਂ ਦੀ ਸਮੀਖਿਆ ਨੂੰ ਤੇਜ਼ ਕਰੇਗੀ। ਹੋਰ ਵੇਰਵੇ ਜਲਦੀ ਉਪਲਬਧ ਹੋਣਗੇ। ਸਟਾਫ ਹਰੇਕ ਨੇਬਰਹੁੱਡ ਵਿੱਚ ਕਾਰੋਬਾਰੀ ਸੁਧਾਰ ਐਸੋਸੀਏਸ਼ਨਾਂ (Business Improvement Associations) ਨਾਲ ਵੀ ਜੁੜੇ ਹੋਏ ਹਨ, ਤਾਂ ਕਿ ਫੁੱਟਪਾਥ ਅਤੇ ਪਾਰਕਿੰਗਾਂ ਸਮੇਤ ਜਨਤਕ ਥਾਵਾਂ ਦੀ ਪਛਾਣ ਕੀਤੀ ਜਾ ਸਕੇ, ਜਿਸ ਨੂੰ ਸਥਾਨਕ ਕਾਰੋਬਾਰਾਂ ਵਿਚ ਸਹਾਇਤਾ ਲਈ ਦੁਬਾਰਾ ਬਣਾਇਆ ਜਾ ਸਕੇ।

## ਸਿਟੀ ਹਾਲ ਵਿਖੇ ਵਿਆਹ

ਮਹਾਂਮਾਰੀ ਦੇ ਨਤੀਜੇ ਵੱਜੋਂ ਵੱਡੇ ਇਕੱਠਾਂ ਅਤੇ ਸ਼ਰੀਰਕ ਦੂਰੀਆਂ ਦੇ ਆਦੇਸ਼ਾ ਤੇ ਸੀਮਾਵਾਂ ਹੋਣ ਕਰਕੇ, ਇਸ ਸਾਲ  ਯੋਜਨਾਬੱਧ ਕੀਤੇ ਗਏ ਬਹੁਤ ਸਾਰੇ ਵਿਆਹਾਂ ਨੂੰ ਰੱਦ ਕਰਨਾ ਜਾਂ ਮੁਲਤਵੀ ਕਰਨਾ ਪਿਆ ਸੀ। ਉਨ੍ਹਾਂ ਲਈ ਜੋ ਹਾਲੇ ਵੀ ਵਿਆਹ ਕਰਵਾਉਣਾ ਚਾਹੁੰਦੇ ਹਨ, ਸਿਟੀ ਕੁੱਲ ਮਿਲਾ ਕੇ 10 ਵਿਅਕਤੀਆਂ ਦੇ ਮਾਈਕਰੋ-ਵਿਆਹਾਂ ਲਈ ਸਿਟੀ ਵਿਖੇ ਸਥਾਨ ਪ੍ਰਦਾਨ ਕਰ ਰਿਹੀ ਹੈ।

## ਸਿਟੀ ਅਤੇ ਵੀਪੀਡੀ ਬਜਟ

ਕਿਉਂਕਿ ਮਹਾਂਮਾਰੀ ਦੇ ਕਾਰਨ ਸਿਟੀ ਨੂੰ 2020 ਵਿੱਚ ਓਪਰੇਟਿੰਗ ਬਜਟ ਵਿਚ ਕਾਫ਼ੀ ਵੱਡੀ ਮਾਤ੍ਰਾ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਟਾਫ ਨੇ ਲਾਗਤਾਂ ਨੂੰ ਘਟਾਉਣ ਲਈ ਕਈ ਉਪਾਵਾਂ ਦੀ ਪਛਾਣ ਕੀਤੀ ਹੈ। ਉਪਾਵਾਂ ਵਿੱਚ  ਵੈਨਕੂਵਰ ਪਲਿਸ ਦੇ 2020 ਬਜਟ ਵਿੱਚ ਇਕ ਪ੍ਰਤੀਸ਼ਤ ਦੀ ਕਟੌਤੀ ਕਰਨ ਦੀ ਪੇਸ਼ਕਸ਼ ਸ਼ਾਮਲ ਹੈ।

## ਰਾਈਡ-ਹੇਲਿੰਗ ਲਈ ਪਹਿਲਾਂ ਅੰਤਰ-ਮਿਉਨਿਸਪਲ ਲਾਇਸੈਂਸ ਜਾਰੀ ਕੀਤਾ ਗਿਆ

ਸਿਟੀ ਨੇ ਕਾਬੂ-ਰਾਈਡ ਇੰਕ (KABU) ਨੂੰ ਰਾਈਡ-ਹੇਲਿੰਗ ਲਈ ਪਹਿਲਾ ਅੰਤਰ-ਮਿਉਨਿਸਪਲ  ਬਿਜਨਸ ਲਾਇਸੈਂਸ (ਆਈ.ਐਮ.ਬੀ.ਐੱਲ) ਜਾਰੀ ਕੀਤਾ ਹੈ। ਇਹ ਆਈ.ਐਮ.ਬੀ.ਐਲ ਕਾਬੂ ਨੂੰ ਇਕ ਵਪਾਰਕ ਲਾਇਸੈਂਸ ਦੀ ਵਰਤੋਂ ਕਰਦਿਆਂ ਲੋਅਰ ਮੇਨਲੈਂਡ ਵਿੱਚ ਯਾਤਰੀਆਂ ਨੂੰ ਚੁੱਕਣ ਅਤੇ ਛੱਡਣ ਦੀ ਆਗਿਆ ਦਿੰਦਾ ਹੈ।

### ਓਕ ਸਟ੍ਰੀਟ ਤੇ ਉਸਾਰੀ

ਪੁਰਾਣੇ ਜਲ ਮੁੱਖ ਨੂੰ ਤਬਦੀਲ ਕਰਨ ਅਤੇ ਅੱਗ ਬਚਾਉਣ ਦੀ ਸਮਰੱਥਾ ਵਧਾਉਣ ਲਈ ਸਿਟੀ ਦੇ ਮੁਲਾਜ਼ਮ 71 ਤੋਂ 64 ਐਵਿਨਿਊ ਵਿੱਚ ਓਕ ਸਟ੍ਰੀਟ 'ਤੇ ਇਕ ਨਵਾਂ ਵਾਟਰ ਮੇਨ ਲਗਾ ਰਹੇ ਹਨ। ਜੁਲਾਈ 2020 ਦੇ ਅੰਤ ਤੱਕ ਪ੍ਰਾਜੈਕਟ ਦੇ ਮੁਕੰਮਲ ਹੋਣ ਤੱਕ ਇਨ੍ਹਾਂ ਬਲਾਕਾਂ ਦੇ ਵਿੱਚ ਲੈਨਜ਼ ਘੱਟਾ ਦਿਤੇ ਜਾਣਗੇ।

## ਪਾਰਕਸ ਅਤੇ ਰੀਕ੍ਰਿਐਸ਼ਨ

### ਗੋਲਫ ਕੋਰਸ ਅਤੇ ਟੈਨਿਸ ਕੋਰਟ ਦੁਬਾਰਾ ਖੁੱਲ੍ਹ ਗਏ ਹਨ

ਫਰੇਜ਼ਰਵਿਓ ਅਤੇ ਮੈਕਕਲੇਰੀ ਗੋਲਫ ਕੋਰਸਾਂ ਖੁੱਲ੍ਹਣ ਤੋਂ ਬਾਅਦ, ਲੰਗਾਰਾ ਗੋਲਫ ਕੋਰਸ 15 ਮਈ ਨੂੰ ਜਨਤਕ ਵਰਤੋਂ ਲਈ ਦੁਬਾਰਾ ਖੁੱਲ ਗਿਆ ਹੈ। ਟੈਨਿਸ ਅਤੇ ਪਿਕਬਾਲ ਕੋਰਟਾਂ ਵੀ ਵੈਨਕੂਵਰ ਦੇ ਨੇਬਰਹੁੱਡਾ ਵਿੱਚ ਸੱਤ ਸਥਾਨਾਂ 'ਤੇ 53 ਕੋਰਟਾਂ ਇਕ-ਇਕ ਕਰਕੇ ਦੁਬਾਰਾ ਖੁੱਲ੍ਹ ਰਹੀਆਂ ਹਨ।

### ਬਾਹਰੀ ( outdoor) ਤਲਾਅ ਖੋਲ੍ਹਣ ਵਿੱਚ ਹਾਲੇ ਦੇਰੀ

ਵੈਨਕੂਵਰ ਪਾਰਕ ਬੋਰਡ ਆਪਣੇ ਪੰਜ ਬਾਹਰੀ ਤਲਾਬਾਂ ਦੀ ਸਲਾਨਾ ਖੁੱਲ੍ਹਣ ਵਿੱਚ ਦੇਰੀ ਕਰੇਗਾ ਅਤੇ ਆਪਣੇ ਨੌਂ ਨਹਾਉਣ ਵਾਲੇ ਸਮੁੰਦਰੀ ਬੀਚੀਜ਼ 'ਤੇ ਤੁਰੰਤ ਲਾਈਫਗਾਰਡ ਪ੍ਰਦਾਨ ਨਹੀਂ ਕਰੇਗਾ ਕਿਉਂਕੀ ਉਹ ਹਾਲੇ ਸਮੀਖਿਆ ਕਰ ਰਹੇ ਹਨ ਕਿ ਤੈਰਾਕਾਂ ਅਤੇ ਸਟਾਫ ਨੂੰ ਕੋਵਿਡ -19 ਦੇ ਜੋਖਮ ਤੋਂ ਕਿਵੇਂ ਬਚਾਉਣਾ ਹੈ। ਵੈਨਕੂਵਰ ਦੇ ਸਮੁੰਦਰੀ ਬੀਚੀਜ਼ ਖੁੱਲੇ ਹੋਏ ਹਨ ਪਰ ਲਾਈਫਗਾਰਡ ਫਿਲਹਾਲ ਡਿਊਟੀ ਤੇ ਨਹੀਂ ਹਨ ਅਤੇ ਇੰਗਲਿਸ਼ ਬੇਅ, ਜੈਰੀਕੋ, ਕਿੱਟਸਿਲਾਨੋ ਅਤੇ ਲੋਕਰਨੋ ਬੀਚ ਤੇ ਰੈਫਟ ਸਥਾਪਤ ਨਹੀਂ ਕੀਤੇ ਗਏ ਹਨ।

## ਕਮਿਓਨਟੀ ਸਰਵਿਸਿਜ਼ ਅਤੇ ਫੂਡ ਐਕਸੈਸ

### ਨਵੇਂ ਵਾਸ਼ਰੂਮ ਟ੍ਰੇਲਰ

ਡਾਉਨਟਾਉਨ ਈਸਟਸਾਈਡ ਅਤੇ ਕਿੰਗਸਵੇਅ ਤੇ ਸੁਰੱਖਿਅਤ ਅਤੇ ਸਫਾਈ ਸਹੂਲਤਾਂ ਦੀ ਪਹੁੰਚ ਵਿੱਚ ਸੁਧਾਰ ਕਰਨ ਲਈ ਤਿੰਨ ਅਸਥਾਈ ਵਾਸ਼ਰੂਮ ਟ੍ਰੇਲਰ ਸਥਾਪਤ ਕੀਤੇ ਗਏ ਹਨ ਜਿਥੇ ਸਟਾਫ ਉਪਲਬਦ ਰਹੇਗਾ ਅਤੇ ਇਹ ਨਿਗਰਾਨੀ ਅਧੀਨ ਹੋਣਗੇ। ਇਹ ਵਾਸ਼ਰੂਮ ਟ੍ਰੇਲਰ ਪੋਰਟਾ ਪੋਟੀਆਂ ਅਤੇ ਪੋਰਟੇਬਲ ਹੈਂਡ ਵਾਸ਼ਿੰਗ ਸਟੇਸ਼ਨਾਂ ਦੀ ਥਾਂ ਲੈਣਗੇ, ਜੋ ਸ਼ੁਰੂਆਤੀ ਤੌਰ 'ਤੇ ਜ਼ਰੂਰੀ ਕੋਵਿਡ -19 ਪ੍ਰਤਿਕ੍ਰਿਆ ਲਈ ਸਥਾਪਿਤ ਕੀਤੇ ਗਏ ਸਨ।

### ਭੋਜਨ ਸਰੋਤ

- ਕੋਵਿਡ-19 ਦੇ ਕਾਰਣ ਖਾਣੇ ਅਤੇ ਹੋਰ ਜ਼ਰੂਰੀ ਸੇਵਾਵਾਂ ਦੀ  ਪਹੁੰਚ ਸੀਮਤ ਹੋਣ ਕਰਕੇ, ਵੈਨਕੂਵਰ ਦੇ ਸੋਸ਼ਲ ਏਨਟਰਪਰਾਇਜ਼ ਕਮਿਓਨਟੀ ਨੇ ਉਨ੍ਹਾਂ ਲੋਕਾਂ ਨੂੰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਸਹਿਯੋਗ ਕੀਤਾ ਹੈ ਜੋ ਕਿ ਮਹਾਂਮਾਰੀ ਨਾਲ ਸੱਭ ਤੋਂ ਜਿਆਦਾ ਪ੍ਰਭਾਵਿਤ ਹੋਏ ਹਨ।
- ਮੁਫਤ ਅਤੇ ਘੱਟ ਕੀਮਤ ਵਾਲੇ ਖਾਣੇ ਤਕ ਪਹੁੰਚਣ ਲਈ ਲੋੜਵੰਦਾਂ ਦੀ ਸਹਾਇਤਾ ਲਈ ਸਾਰੇ  ਵੈਨਕੂਵਰ ਵਿੱਚ ਚੈਰਿਅਟੀਆਂ ਅਤੇ ਕਾਰੋਬਾਰ ਵੀ ਇਕੱਠੇ ਹੋ ਰਹੇ ਹਨ।
- ਵਸਨੀਕਾਂ ਲਈ ਮੁਫਤ ਜਾਂ ਘੱਟ ਕੀਮਤ ਵਾਲੇ ਭੋਜਨ ਦੀ ਜ਼ਰੂਰਤ ਵਾਲੇ 50 ਤੋਂ ਵੱਧ ਸਰੋਤਾਂ ਨੂੰ ਦਰਸਾਉਣ ਲਈ ਇੱਕ ਨਵਾਂ ਭੋਜਨ ਨਕਸ਼ਾ ਲਾਂਚ ਕੀਤਾ ਗਿਆ ਹੈ। ਇਹ ਨਕਸ਼ਾ, ਜੋ ਨਿਯਮਿਤ ਰੂਪ ਵਿੱਚ ਅਪਡੇਟ ਕੀਤਾ ਜਾਏਗਾ, ਜਲਦੀ ਹੀ ਵੱਖ ਵੱਖ ਭਾਸ਼ਾਵਾਂ ਵਿੱਚ ਅਤੇ ਇੱਕ ਇੰਟਰਐਕਟਿਵ, ਵੈੱਬ-ਅਧਾਰਤ ਫਾਰਮੈਟ ਵਿੱਚ ਉਪਲਬਧ ਹੋਵੇਗਾ।

## ਵਿਦਿਆਰਥੀ ਸਾਥੀ ਨੌਜਵਾਨਾਂ ਦਾ ਸਮਰਥਨ ਕਰ ਰਹੇ ਹਨ

ਸਥਾਨਕ ਵਿਦਿਆਰਥੀਆਂ ਨੇ ਵੈਨਕੂਵਰ ਦੇ ਬੱਚਿਆਂ ਨੂੰ ਸਵੈ-ਅਲੱਗ-ਥਲੱਗ ਹੋਣ ਦੀ ਸਿਥਿਤੀ ਦੇ ਦੌਰਾਨ-ਕਲਾਸਰੂਮ ਦੀ ਪੜ੍ਹਾਈ ਤੋਂ ਦੂਰ ਬੱਚਿਆਂ ਲਈ ਸਿੱਖਣ ਅਤੇ ਮਨੋਰੰਜਨ ਨੂੰ ਉਤਸ਼ਾਹਤ ਕਰਨ ਦੀ ਉਮੀਦ ਵਿੱਚ ਸਿੱਖਿਆ ਅਤੇ ਲਰਨਿੰਗ ਐਕਟਿਵੀਟੀਜ਼ ਦੇ ਸਰੋਤ ਇਕੱਤਰ ਕੀਤੇ ਹਨ।

## ਜੋ ਕੁਝ ਹੋ ਰਿਹਾ ਹੈ, ਉਸ ਲਈ ਆਪਣੇ-ਆਪ ਨੂੰ ਅਪਡੇਟਿਡ ਰਖੋ

ਸਾਨੂੰ ਕਦਰ ਹੈ ਕਿ ਸੱਭ ਪਾਸਿਓ ਬਹੁਤ ਸਾਰੀ ਜਾਣਕਾਰੀ ਵੰਡੀ ਜਾ ਰਹੀ ਹੈ ਅਤੇ ਬਹੁਤ ਸਾਰੀ ਜਾਣਕਾਰੀ ਪ੍ਰਮਾਣਤ ਸਰੋਤ ਤੋਂ ਨਹੀਂ ਆ ਰਹੀ ਹੈ। ਸ੍ਹਾਡੇ ਸਾਰੇ ਅਪਡੇਟ ਤੁਸੀ ਖਬਰਾਂ ਰਾਹੀਂ ਜੌਕਿ ਸ੍ਹਾਡੀ ਵੈਬਸਾਇਟਸ ਉਤੇ ਹਨ, ਅਤੇ ਸ੍ਹਾਡੇ ਪ੍ਰਮਾਨਿਤ ਸੌਸ਼ਲ ਫੀਡ ਦੇ ਜਰਿਏ ਤੁਸੀ ਦੇਖ ਸਕਦੇ ਹੋ।

ਕਿਰਪਾ ਕਰਕੇ ਹੋਰਾਂ ਨਾਲ ਸ਼ੇਅਰ ਕਰੋ, ਅਤੇ ਓਹ ਇਥੇ ਅਪਡੇਟਸ ਲਈ ਸਾਨਿਏ ਕਰ ਸਕਦੇ ਹਨ।
ਵੇਬਸਾਇਟ: vancouver.ca/covid19
ਕਾਮੇਂਟਸ ਇਥੇ ਭੇਜੋ
ਸਾਨੂੰ ਕਾਲ ਕਰੋ: ਕੌਵਿਡ-19 ਬਾਰੇ ਸਿਟੀ ਦਾ ਜੁਆਬ ਜਾਣਣ ਲਈ ਐਮਰਜੇਂਸੀ ਤੋਂ ਬਗੈਰ ਮਸਲਿਆ ਲਈ 3-1-1 ਨੂੰ ਕਾਲ ਕਰੋ, ਭਾਸ਼ਾ ਵਿਆਖਿਆ ਕਈ ਜੁਬਾਨਾਂ ਵਿੱਚ ਉਪਲਬਦ ਹੈ।